This question paper contains 3 printed pages]

Your Roll No...............

**6001**

**Concurrent Course for Honours Prog.** **A**

(Qualifying Course)

PUNJABI LANGUAGE (B) (Lower)

(Admission of 2006 and onwards)

*Time : 2 Hours* *Maximum Marks : 50*

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਕਥਾ-ਕਹਾਣੀ' ਪੁਸਤਕ ਵਿਚ ਪੇਸ਼ ਕਿਸੇ ਇਕ ਕਹਾਣੀ ਦੀ ਸਮੱਸਿਆ ਉਪਰ ਆਪਣੇ ਵਿਚਾਰ ਪ੍ਰਗਟਾਉ ।

ਜਾਂ

'ਕਥਾ-ਕਹਾਣੀ' ਪੁਸਤਕ ਦੀ ਭੂਮਿਕਾ ਵਿਚਲੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ । 15

2. ਵੱਡੀ ਭੈਣ ਵਲੋਂ ਨਿੱਕੇ ਭਰਾ ਨੂੰ ਇਕ ਚਿੱਠੀ ਲਿਖੋ ਕਿ ਉਹ ਹਰ ਵੇਲੇ ਪੜ੍ਹਦਾ ਨਾ ਰਿਹਾ ਕਰੇ, ਖੇਡਾਂ ਵਿਚ ਭਾਗ ਵੀ ਲਿਆ ਕਰੇ ।

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਅਰਜ਼ੀ ਲਿਖੋ । 10

3. ਸੂਚਨਾ ਤਕਨਾਲੋਜੀ ਅਤੇ ਸਾਹਿਤ ਵਿਚਕਾਰ ਸੰਬੰਧ ਸਥਾਪਤ ਕਰੋ ।

ਜਾਂ

ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ ਸਿਰਲੇਖ ਵੀ ਲਿਖੋ :

"ਮਨੁੱਖੀ ਸ਼ਖ਼ਸੀਅਤ ਦੀ ਅਸਲ ਪ੍ਰਫੁੱਲਤਾ ਬਹੁਤੀਆਂ ਚੀਜ਼ਾਂ ਦੇ ਭੋਗਣ ਵਿਚ ਨਹੀਂ ਹੁੰਦੀ ਮਗਰੋਂ ਬੌਧਿਕ ਤੇ ਕਲਾਤਮਕ ਜਾਂ ਹੋਰ ਉਸਾਰੂ ਖੇਤਰ ਵਿਚ ਨਵੀਆਂ ਤੇ ਸਾਰਥਕ ਪ੍ਰਾਪਤੀਆਂ ਕਰਨ ਵਿਚ ਹੁੰਦੀ ਹੈ। ਉਸ ਨੂੰ ਆਪਣੇ ਨਿੱਜੀ ਤੇ ਸਮਾਜਕ ਜੀਵਨ ਵਿਚ ਅਜਿਹੇ ਪਰਿਵਰਤਨ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਉਹ ਆਪ ਅਤੇ ਉਸ ਦਾ ਸਮਾਜ ਲਗਾਤਾਰ ਨਵੀਆਂ ਪ੍ਰਾਪਤੀਆਂ ਕਰਦੇ ਹੋਏ ਵਿਕਾਸ ਦੇ ਰਾਹ 'ਤੇ ਨਿਰੰਤਰ ਤੁਰਦੇ ਰਹਿਣ। ਸੁਤੰਤਰਤਾ ਨੂੰ ਸਹੀ ਰੂਪ ਵਿਚ ਮਾਣਨ ਦਾ ਅਰਥ ਵੀ ਮਨੁੱਖ ਦਾ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨਾ ਹੈ। ਇਹ ਤਲਾਸ਼ ਹੀ ਸਾਰਥਕ ਪਰਿਵਰਤਨਾਂ ਨੂੰ ਜਨਮ ਦੇ ਸਕਦੀ ਹੈ, ਬਾਕੀ ਸਭ ਫੋਕਾ ਵਿਖਾਵਾ ਹੈ।" 8

4. ਹੇਠ ਲਿਖੇ ਵਿਸ਼ਿਆਂ 'ਚੋਂ ਕਿਸੇ ਇਕ 'ਤੇ ਪੈਰ੍ਹਾ ਰਚਨਾ ਕਰੋ :

   (ੳ) ਸਮੇਂ ਦੀ ਕਦਰ;

   (ਅ) ਮਾਤ ਭਾਸ਼ਾ ਦੀ ਮਹਾਨਤਾ;

   (ੲ) ਗੌਂ ਭਨਾਵੇ ਜੌਂ। 7

5. ਹੇਠ ਲਿਖੇ ਸ਼ਬਦਾਂ ਵਿਚੋਂ ਕੋਈ ਦਸ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ :

   (1) Crop

   (2) Meaning

   (3) Literature

   (4) Hesitate

(5) Faith

(6) Subject

(7) Harmful

(8) Speech

(9) Culture

(10) Poor

(11) Nation

(12) Modern. 10